ਕੇਂਦਰ ਸਰਕਾਰ ਦੀ ਮਹਿੰਗਾਈ ਵਧਾਉਣ ਦੀ ਰਵਾਇਤ ਨੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ : ਪ੍ਰੋ.ਬਡੂੰਗਰ

ਫਤਿਹਗੜ੍ਹ ਸਾਹਿਬ 5 ਫਰਵਰੀ (ਪਰਦੀਪ ਸਿੰਘ) ਕੇਂਦਰ ਦੀ ਕਾਂਗਰਸ ਸਰਕਾਰ ਦੀ ਮਹਿੰਗਾਈ ਵਧਾਉਣ ਦੀ ਰਵਾਇਤ ਨੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ : ਪ੍ਰੋ.ਬਡੂੰਗਰ ਫਤਿਹਗੜ੍ਹ ਸਾਹਿਬ, 4 ਫਰਵਰੀ (ਗੁਰਪ੍ਰੀਤ ਮਹਿਕ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਪੰਜਾਬ ਰਾਜ ਪਛੜੀਆਂ ਸ਼੍ਰੇਣੀਆਂ ਕਮਿਸ਼ਨ ਪੰਜਾਬ ਦੇ ਚੇਅਰਮੈਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਕੇਂਦਰ ਸਰਕਾਰ ਵਲੋਂ ਰੋਜ਼ਾਨਾਂ ਵਰਤੋਂ ਵਿਚ ਆਉਣ ਵਾਲੀਆਂ ਚੀਜਾਂ ਵਿਚ ਬੇਤਹਾਸ਼ਾ ਵਾਧਾ ਕਰਨ ਦੇ ਦਿੱਤੇ ਬਿਆਨ ਨੇ ਜਨਤਾ ਵਿਚ ਹਾਹਾਕਾਰ ਮਚਾ ਕੇ ਰੱਖ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਕਾਂਗਰਸ ਸਰਕਾਰ ਨੇ ਗੈਸ ਸਿਲੰਡਰ ਦੀ ਕੀਮਤ ਵਿਚ ਇਕ ਸੌ ਰੁਪਏ, ਪੈਟਰੋਲ ਦੀ ਕੀਮਤ ਵਿਚ 3 ਰੁਪਏ, ਡੀਜ਼ਲ ਅਤੇ ਮਿਟੀ ਦੇ ਤੇਲ ਦੀ ਕੀਮਤ ਵਿਚ 6 ਰੁਪਏ ਦਾ ਵਾਧਾ ਕਰਨ ਦੀ ਤਜਵੀਜ਼ ਪੇਸ਼ ਕਰਕੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਜਦ ਕਿ ਮਨੁੱਖੀ ਜੀਵਨ ਦੀਆਂ ਆਧਾਰ ਇਹ ਚੀਜਾਂ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿਚ ਪਹਿਲਾਂ ਹੀ ਮਹਿੰਗਾਈ ਕਾਰਨ ਜਿਉਣਾ ਔਖਾ ਹੋਇਆ ਪਿਆ ਹੈ, ਉਪਰੋਂ ਜਨਤਾ ਤੇ ਹੋਰ ਬੋਝ ਪਾ ਕੇ ਆਪਣੇ 62 ਸਾਲ ਲੰਮੇ ਸਮੇਂ ਦਾ ਰਾਜ ਦੌਰਾਨ ਕਾਇਮ ਰੱਖੀ ਪੁਰਾਣੀ ਰਵਾਇਤ ਕਿ ਗਰੀਬ ਹੋਰ ਗਰੀਬ ਤੇ ਅਮੀਰ ਵਰਗ ਹੋਰ ਅਮੀਰ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਆਪਣੀ ਸਲਾਹ ਦਿੰਦਿਆਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਦਾ ਖ਼ਜ਼ਾਨਾ ਖਾਲੀ ਹੈ ਤਾਂ ਉਹ ਵੱਡੇ ਵੱਡੇ ਸਰਮਾਏਦਾਰਾਂ ਵਲੋਂ ਰੋਜ਼ਾਨਾਂ ਵਰਤੋਂ ਵਿਚ ਆਉਣ ਵਾਲੀਆਂ ਚੀਜਾਂ ਦੀ ਕੀਤੀ ਸਟੋਰੇਜ਼ ਤੋਂ ਮੁੱਕਤੀ ਦਿਵਾ ਕੇ ਦਿਨੋਂ ਦਿਨ ਕੀਤੀ ਜਾ ਰਹੀ ਵਸਤੂਆਂ ਦੀ ਮਹਿੰਗਾਈ ਤੇ ਕੰਟਰੋਲ ਕੀਤਾ ਜਾ ਸਕਦਾ ਹੈ, ਤਾਂ ਕਿ ਜਗੀਰੇਦਾਰਾਂ ਤੋਂ ਗਰੀਬ ਵਰਗ ਦੇ ਲੋਕਾਂ ਨੂੰ ਰਾਹਤ ਮਿਲ ਸਕੇ।

ਸਰਕਾਰੀ ਸਕੂਲਾਂ ਵਿੱਚ ਦਲਿਤ ਵਿਦਿਆਰਥੀਆਂ ਨੂੰ ਜ਼ਲੀਲ ਕੀਤਾ ਜਾ ਰਿਹੈ-ਪੁਰਖਾਲਵੀ

☀ ਪ੍ਰਸ਼ਾਸ਼ਨ ਦੇ ਇਸ ਘ੍ਰਿਣਾਤਮਿਕ ਰਵੱਈਏ ਕਾਰਨ ਲੱਖਾਂ ਦਲਿਤ ਬੱਚੇ ਮਾਨਸਿਕ ਬੀਮਾਰੀਆਂ ਦਾ ਸ਼ਿਕਾਰ

ਮੁਹਾਲੀ (ਵੀਨਾ ਰਾਜਪੂਤ) 5 ਫਰਵਰੀ -ਸਮਾਜ ਸੇਵੀ ਜਥੇਬੰਦੀ ਦਲਿਤ ਚੇਤਨਾ ਮੰਚ ਪੰਜਾਬ ਦੇ ਸੂਬਾਈ ਪ੍ਰਧਾਨ ਸ਼ਮਸ਼ੇਰ ਪੁਰਖਾਲਵੀ ਨੇ ਹਲਕੇ ਦੇ ਕਈ ਪਿੰਡਾਂ ਦਾ ਦੌਰਾ ਕਰਨ ਉਪਰੰਤ ਅੱਜ ਇਥੇ ਪ੍ਰੈਸ ਨੂੰ ਜਾਰੀ ਇਕ ਬਿਆਨ ਵਿੱਚ ਪ੍ਰਸ਼ਾਸ਼ਨਿਕ ਉਚ ਅਧਿਕਾਰੀਆਂ ਉਤੇ ਦੋਸ਼ ਲਾਇਆ ਕਿ ਉਹ ਇੱਕ ਗਿਣੀ ਮਿਥੀ ਸਾਜਿਸ਼ ਅਧੀਨ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਦਲਿਤ ਵਿਦਿਆਰਥੀਆਂ ਨੂੰ ਸਮਾਜਿਕ ਤੌਰ ਤੇ ਜ਼ਲੀਲ ਕਰਕੇ ਉਨ੍ਹਾਂ ਨੂੰ ਮਾਨਸਿਕ ਰੋਗੀ ਬਣਾਉਣ ਦੇ ਕੋਝੇ ਯਤਨਾਂ ਵਿੱਚ ਲੱਗੇ ਹੋਏ ਹਨ ਜਿਹੜਾ ਕਿ ਮਾਨਵ ਅਧਿਕਾਰਾਂ ਦੀ ਸ਼ਰ੍ਹੇਆਮ ਉਲੰਘਣਾ ਅਤੇ ਘੋਰ ਅਪਰਾਧ ਹੈ। ਆਪਣੇ ਬਿਆਨ ਵਿੱਚ ਸ਼੍ਰੀ ਪੁਰਖਾਲਵੀ ਨੇ ਕਿਹਾ ਕਿ ਰਾਜ ਦਾ ਸਿੱਖਿਆ ਵਿਭਾਗ ਹਰ ਪੰਜ ਮਿੰਟ ਬਾਅਦ ਸਰਕਾਰੀ ਸਕੂਲਾਂ ਨੂੰ ਪੱਤਰ ਭੇਜ ਕੇ ਇਹ ਜਾਣਕਾਰੀ ਮੰਗਦਾ ਰਹਿੰਦਾ ਹੈ ਕਿ ਕਿੰਨ੍ਹੇ ਦਲਿਤ ਬੱਚਿਆਂ ਨੇ ਕਿੰਨਾ ਖਾਣਾ ਖਾਧਾ ਹੈ? ਇਨ੍ਹਾਂ ਹੁਕਮਾਂ ਦੀ ਤਾਮੀਲ ਵੱਜੋਂ ਮਾਸਟਰ ਦਲਿਤ ਬੱਚਿਆਂ ਨੂੰ ਵੱਖਰੀਆਂ ਲਾਇਨਾਂ ਵਿੱਚ ਖੜ੍ਹਾ ਕੇ ਹਰ ਬੱਚੇ ਤੋਂ ਪੁੱਛਦੇ ਹਨ ਕਿ ਤੂੰ ਦੱਸ ਬਈ ਤੂੰ ਕਿੰਨਾ ਅੰਨ ਖਾਧਾ ਹੈ? ਇਸ ਜ਼ਲੀਲਤਾ ਕਾਰਨ ਦਲਿਤ ਬੱਚੇ ਪਲ ਪਲ ਮਰਨ ਲਈ ਮਜ਼ਬੂਰ ਹੋ ਰਹੇ ਹਨ। ਸ਼੍ਰੀ ਪੁਰਖਾਲਵੀ ਨੇ ਆਪਣੇ ਬਿਆਨ ਵਿੱਚ ਇਹ ਵੀ ਖੁਲਾਸਾ ਕੀਤਾ ਕਿ ਨਿਯਮਾਂ ਅਨੁਸਾਰ ਸਰਕਾਰ ਵੱਲੋਂ ਮਿਲਦੀਆਂ ਗਰਾਂਟਾਂ ਨਾਲ ਲਗਾਏ ਜਾਣ ਵਾਲੇ ਸਰਕਾਰੀ ਵਿੱਦਿਅਕ ਟੂਰਾਂ ਉਤੇ ਵੀ ਦਲਿਤ ਬੱਚਿਆਂ ਨੂੰ ਜਨਰਲ ਵਰਗ ਦੇ ਬੱਚਿਆਂ ਤੋਂ ਅਲੱਗ ਲਿਜਾ ਕੇ ਉਨ੍ਹਾਂ ਉਤੇ ਨੀਚ ਅਤੇ ਵੱਖਰੇਪਣ ਦਾ ਠੱਪਾ ਲਗਾਇਆ ਜਾ ਰਿਹਾ ਹੈ। ਦਲਿਤ ਆਗੂ ਸ਼੍ਰੀ ਪੁਰਖਾਲਵੀ ਨੇ ਮੌਜੂਦਾ ਅਕਾਲੀ ਭਾਜਪਾ ਹਕੂਮਤ ਤੇ ਦੋਸ਼ ਲਾਇਆ ਕਿ ਸਰਕਾਰ ਵੱਲੋਂ ਦਲਿਤ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਮੁਫ਼ਤ ਕਿਤਾਬਾਂ ਅਤਿ ਘਟੀਆ ਦਰਜ਼ੇ ਦੀਆਂ ਬੇਹੱਦ ਫਟੀਆਂ ਪੁਰਾਣੀਆਂ ਸਪਲਾਈ ਕੀਤੀਆਂ ਜਾ ਰਹੀਆਂ ਹਨ ਜਦਕਿ ਜਨਰਲ ਵਰਗ ਦੇ ਬੱਚਿਆਂ ਨੂੰ ਨਵੀਆਂ ਅਤੇ ਵਧੀਆ ਦਰਜ਼ੇ ਦੀਆਂ ਕਿਤਾਬਾਂ ਦੇ ਕੇ ਦਲਿਤਾਂ ਨਾਲ ਸਿਰੇ ਦਾ ਪੱਖਪਾਤ ਕੀਤਾ ਜਾ ਰਿਹਾ ਹੈ ਜਿਸ ਨਾਲ ਦਲਿਤ ਵਿਦਿਆਰਥੀ ਲਗਾਤਾਰ ਨਫ਼ਰਤ, ਸ਼ੋਸ਼ਣ ਅਤੇ ਜਲੀਲਤਾ ਦਾ ਸ਼ਿਕਾਰ ਹੋ ਰਹੇ ਹਨ। ਸਰਕਾਰ ਦੇ ਇਸ ਦਲਿਤ ਵਿਰੋਧੀ ਰੁਝਾਨ ਕਾਰਨ ਸਰਕਾਰੀ ਸਕੂਲਾਂ ਦੇ ਲੱਖਾਂ ਦਲਿਤ ਵਿਦਿਆਰਥੀ ਮਾਨਸਿਕ ਰੋਗ ਦਾ ਸ਼ਿਕਾਰ ਹੋ ਰਹੇ ਹਨ ਜਿਹੜੀ ਕਿ ਇੱਕ ਗਹਿਰੀ ਸਾਜਿਸ਼ ਹੈ ਤਾਂ ਜੋ ਗਰੀਬਾਂ ਦੇ ਬੱਚਿਆਂ ਨੂੰ ਨਿਪੁੰਸਕ ਬਣਾ ਕੇ ਉਨ੍ਹਾਂ ਦੇ ਮਾਨਸਿਕ ਵਿਕਾਸ ਤੇ ਮੁਕੰਮਲ ਰੋਕ ਲਗਾਈ ਜਾ ਸਕੇ। ਉਨ੍ਹਾਂ ਅਨੁਸੂਚਿਤ ਜਾਤੀ ਦੇ ਨੈਸ਼ਨਲ ਕਮਿਸ਼ਨ ਤੋਂ ਮੰਗ ਕੀਤੀ ਕਿ ਉਹ ਇਸ ਮਾਮਲੇ ਵਿੱਚ ਸਿੱਧੀ ਦਖ਼ਲਅੰਦਾਜੀ ਕਰਕੇ ਬੱਚਿਆਂ ਨੂੰ ਜਾਤੀਵਾਦਕ ਵਿਤਕਰੇ ਤੋਂ ਮੁਕਤ ਕਰਵਾਉਣ। ਇਸ ਮੌਕੇ ਉਨ੍ਹਾਂ ਨਾਲ ਕੌਂਸਲਰ ਬਲਜੀਤ ਕੌਰ ਪੁਰਖਾਲਵੀ, ਭੁਪਿੰਦਰ ਸਿੰਘ ਐਡਵੋਕੇਟ, ਚਰਨ ਸਿੰਘ ਮੈਣਮਾਜਰੀ, ਬਲਜੀਤ ਸਿੰਘ ਮਦਵਾੜਾ ਅਤੇ ਪੰਚ ਕੁਲਦੀਪ ਸਿੰਘ ਮੌਲੀ ਬੈਦਵਾਨ

■ ਨਜ਼ਦੀਕੀ ਪਿੰਡ ਹਸਨਪੁਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਸ਼ਮਸ਼ੇਰ ਪੁਰਖਾਲਵੀ।

■ ਮੋਰਿੰਡਾ ਵਿਖੇ ਗੈਸ ਸਪਲਾਈ ਤੋਂ ਤੰਗ ਆਏ ਲੋਕੀ ਆਪਣੀ ਬੁਕਿੰਗ ਕਰਵਾਉਣ ਲਈ ਆਪਣੀ ਵਾਰੀ ਦੀ ਉਡੀਕ ਕਰਦੇ ਹੋਏ। ਫੋਟੋ-ਗਿਆਨ ਸਿੰਘ

ਭਾਰਤ ਅਤੇ ਦੱਖਣੀ ਅਫਰੀਕਾ ਵਿੱਚ ਨਾਗਪੁਰ ਮੈਚ ਅੱਜ

ਹੁਸ਼ਿਆਰਪੁਰ, 5 ਫਰਵਰੀ (ਕੁਲਦੀਪ ਸਿੰਘ ਪੱਟੀ)-ਭਾਰਤ ਦੌਰੇ 'ਤੇ ਆਈ ਦੱਖਣੀ ਅਫਰੀਕਾ ਦੀ ਟੀਮ, ਜਿਸ ਦੇ ਕਪਤਾਨ ਸਮਿੱਥ ਹਨ, ਨਾਗਪੁਰ ਵਿਖੇ ਭਾਰਤੀ ਟੀਮ ਨਾਲ ਪਹਿਲਾ ਵਕਾਰੀ ਟੈੱਸਟ ਮੈਚ ਖੇਡ ਕੇ 10 ਫਰਵਰੀ ਤੱਕ ਜਿੱਤ ਹਾਰ ਦਾ ਫੈਸਲਾ ਨਿਰਧਾਰਤ ਕਰੇਗੀ। ਭਸ਼ਰਤੇ ਕਿ ਮੀਂਹ ਦੀ ਭੇਟ ਮੈਚ ਪ੍ਰਭਾਵਿਤ ਨਾ ਹੋਇਆ। ਭਾਰਤ ਦੀ ਕ੍ਰਿਕਟ ਟੀਮ ਵਰਿੰਦਰ ਸਹਿਵਾਗ ਅਤੇ ਹਰਫਨ ਮੌਲਾ ਖਿਡਾਰੀ ਸਚਿਨ ਤੇਂਦੂਲਕਰ ਨਾਲ ਟਾਸ ਦੇ ਫੈਸਲੇ ਉਪਰੰਤ ਨਾਗਪੁਰ ਵਿਖੇ ਪਹਿਲਾ ਬੈਟਿੰਗ ਜਾਂ ਬਾਲਿੰਗ ਦਾ ਫੈਸਲਾ ਕਰਕੇ ਜੰਮ ਕੇ ਔਸਤ ਰਨ ਵਧ ਰਨ ਰੇਟ ਤੇ ਵਿਕਟਾਂ ਝਟਕਾਊ ਨੀਤੀ ਨਾਲ ਖੇਡ ਕੇ ਅਈ.ਸੀ.ਸੀ. ਦਾ ਦਰਜਾਬੰਦੀ ਵਿੱਚ ਅਵਲ ਰਹਿਣ ਲਈ ਸੰਘਰਸ਼ ਕਰੇਗੀ।

ਅਕਾਲੀ-ਭਾਜਪਾ ਨੇ ਪੰਜਾਬ ਤਬਾਹ ਕਰ ਦਿੱਤਾ

ਅਮਲੋਹ, 5 ਫਰਵਰੀ (ਵਿਪਨ ਬਾਂਸਲ)- ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਦੇ ਸਤ੍ਹਾ ਕਾਲ ਦੌਰਾਨ ਪੰਜਾਬ ਵਿਕਾਸ ਪੱਖੋਂ ਸਾਰੇ ਸੂਬਿਆ ਨਾਲੋ ਪਛੜ ਗਿਆ ਸੂਬੇ ਦੇ ਵੱਖ ਵੱਖ ਵਰਗਾ ਦੇ ਲੋਕਾ ਨਾਲ ਕੀਤੇ ਵਾਅਦਿਆ ਤੋ ਸੂਬਾ ਸਰਕਾਰ ਪਰਤ ਦਰ ਪਰਤ ਮੂਨਕਰ ਹੁੰਦੀ ਜਾ ਰਹੀ ਹੈ ਸੂਬਾ ਸਰਕਾਰ ਵੱਲੋਂ ਚੋਣਾਂ ਦੌਰਾਨ ਪੰਜਾਬ ਵਾਸੀਆ ਨਾਲ ਕੀਤੇ ਬਿਜਲੀ ਅਤੇ ਸਾਫ ਪਾਣੀ ਮੁਹੱਇਆ ਕਰਵਾਉਣ ਦੇ ਵਾਅਦੇ ਵੀ ਸਰਕਾਰ ਦੇ ਅੱਧਾ ਸੱਤ੍ਹਾ ਕਾਲ ਬੀਤ ਜਾਣ ਦੇ ਬਾਅਦ ਵੀ ਪੂਰੇ ਨਹੀ ਹੋ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਨਾਭਾ ਕਾਕਾ ਰਣਦੀਪ ਸਿੰਘ ਨੇ ਪੰਜਾਬ ਪ੍ਰਦੇਸ ਕਾਂਗਰਸ ਦੇ ਸਕੱਤਰ ਜੀਵਨ ਕੁਮਾਰ ਪੁਰੀ ਦੇ ਦਫ਼ਤਰ ਵਿਖੇ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਵਿਚ ਬਿਜਲੀ ਦੀ ਸਹੂਲਤ 24 ਘੰਟੇ ਨਿਰਵਿਘਨ ਮੁਹੱਇਆ ਕਰਵਾਉਣ ਲਈ ਬਿਜਲੀ ਪ੍ਰੌਜੈਕਟ ਲਗਾਉਣ ਦੇ ਵੱਡੇ ਵੱਡੇ ਦਾਅਵੇ ਤਾਂ ਕੀਤੇ ਜਾ ਰਹੇ ਹਨ ਪਰ ਸਰਕਾਰ ਵੱਲੋਂ ਆਪਣੇ ਸਤ੍ਹਾਂ ਕਾਲ ਦੌਰਾਨ ਇੱਕ ਯੂਨਿਟ ਬਿਜਲੀ ਵੀ ਪੈਦਾ ਨਹੀ ਕੀਤੀ ਜਾ ਸਕੀ। ਕਾਕਾ ਰਣਦੀਪ ਸਿੰਘ ਨੇ ਕਿਹਾ ਕਿ ਸਰਕਾਰ ਦੀਆਂ ਇਨ੍ਹਾਂ ਨੀਤੀਆਂ ਕਰਕੇ ਜਿੱਥੇ ਖੇਤੀ ਖੇਤਰ ਨਾਲ ਜੁੜੇ ਕਿਸਾਨ ਕਰਜਾਈ ਹੁੰਦੇ ਜਾ ਰਹੇ ਹਨ ਉਥੇ ਉਦਯੋਗਿਕ ਖੇਤਰ ਵੀ ਤਬਾਹੀ ਦੇ ਕਗਾਰ ਤੇ ਪੁੱਜ ਗਿਆ ਹੈ। ਇਸ ਮੌਕੇ ਹਲਕਾ ਵਿਧਾਇਕ ਅਮਲੋਹ ਸਾਧੂ ਸਿੰਘ ਧਰਮਸੋਤ, ਪੰਜਾਬ ਪ੍ਰਦੇਸ ਕਾਂਗਰਸ ਦੇ ਸਕੱਤਰ ਡਾ ਸਵਤੰਤਰ ਕਰਕਰਾ, ਮੂਨੀਮ ਯੂਨੀਅਨ ਦੇ ਸੂਬਾ ਪ੍ਰਧਾਨ ਚਮਨ ਲਾਲ ਭਾਦਸੋਂ, ਪ੍ਰਿਥੀ ਸਿੰਘ ਪਾਠਕ, ਰਾਮ ਕ੍ਰਿਸ਼ਨ ਭੱਲਾ, ਪ੍ਰਗਟ ਸਿੰਘ ਅੰਨੀਆ, ਉਮੇਸ ਮਿੰਟਾ, ਵਿਪਨ ਸੰਧੀਰ, ਮਦਨ ਗੋਪਾਲ ਮੱਦੀ, ਪ੍ਰਗਟ ਭੜੀ ਤੋ ਇਲਾਵਾ ਕਾਂਗਰਸੀ ਆਗੂ ਹਾਜਰ ਸਨ।

■ ਜੀਵਨ ਕੁਮਾਰ ਪੁਰੀ ਦੇ ਦਫ਼ਤਰ ਵਿਖੇ ਪੱਤਰਕਾਰਾ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕਾਕਾ ਰਣਦੀਪ ਸਿੰਘ ਨਾਲ ਵਿਧਾਇਕ ਸਾਧੂ ਸਿੰਘ ਧਰਮਸੋਤ, ਡਾ ਸਵਤੰਤਰ ਕਰਕਰਾ ਤੇ ਹੋਰ। ਤਸਵੀਰ: ਵਿਪਨ ਬਾਂਸਲ।

ਦੰਦਾਂ ਦੀਆਂ ਬਿਮਾਰੀਆਂ ਦੀ ਚੈਕਅਪ ਲਈ ਕੈਂਪ ਲਾਇਆ

ਗੜ੍ਹਸ਼ੰਕਰ 5 ਜਨਵਰੀ (ਰਮਨਦੀਪ ਸਿੰਘ ਅਰੋੜਾ)- ਇੱਥੋਂ ਥੋੜ੍ਹੀ ਦੂਰ ਪਿੰਡ ਇਬਰਾਹੀਮਪੁਰ (ਬਗਵਾਈਂ) ਵਿਖੇ ਯੂਨੀਵਰਸਲ ਪਬਲਿਕ ਸਕੂਲ ਇਬਰਾਹੀਮ ਵਿਚ ਦੰਦਾਂ ਦੀਆਂ ਬਿਮਾਰੀਆਂ ਦੀ ਚੈਕਅਪ ਲਈ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿਚ ਸਿਵਲ ਹਸਤਾਲ ਗੜ੍ਹਸ਼ੰਕਰ ਵੱਲੋਂ ਡਾ. ਕਮਲਜੀਤ ਸੁਮਨ ਐਸਐਮਓ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਗੁਰਪਾਲ ਸਿੰਘ ਭੱਜਲ ਦੰਦਾਂ ਦੇ ਮਾਹਿਰ ਡਾਕਟਰ ਵੱਲੋਂ 125 ਦੇ ਕਰੀਬ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ। ਇਸ ਮੌਕੇ ਲੋੜਮੰਦ ਵਿਦਿਆਰਥੀਆਂ ਨੂੰ ਦੰਦਾਂ ਦੇ ਪੇਸਟ ਅਤੇ ਬੁਰਸ਼ ਵੀ ਵੰਡੇ ਗਏ। ਦੰਦਾਂ ਦੀਆਂ ਬਿਮਾਰੀਆਂ ਤੋਂ ਸੁਚੇਤ ਰਹਿਣ ਲਈ ਅਤੇ ਤੰਦਰੁਸਤ ਦੰਦਾਂ ਦੇ ਨਿਯਮਾਂ ਦੀ ਪਾਲਣਾ ਲਈ ਦੋ ਦਿਨ ਪਹਿਲਾਂ ਸਕੂਲ ਵਿਦਿਆਰਥੀਆਂ ਦੇ ਸੁੰਦਰ ਲਿਖਾਈ ਅਤੇ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ ਸਨ ਜਿਨ੍ਹਾਂ ਚੋਂ ਜੇਤੂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਇਨਾਮਾਂ ਦੀ ਵੰਡ ਡਾ. ਗੁਰਪਾਲ ਸਿੰਘ ਭੱਜਲ ਦੇ ਨਾਲ ਸ੍ਰ. ਦਰਸ਼ਨ ਸਿੰਘ ਪਿੰਕਾ ਯੂਐਸਏ, ਕਾ. ਦਰਸ਼ਨ ਸਿੰਘ ਮੱਟੂ ਸੂਬਾ ਜਨਰਲ ਸਕੱਤਰ ਕੰਢੀ ਸੰਘਰਸ਼ ਕਮੇਟੀ, ਕਰਨੈਲ ਸਿੰਘ, ਅਮਰਜੀਤ ਸਿੰਘ ਘੋਗਾ, ਗੁਰਮੇਲ ਸਿੰਘ, ਹਰਬਿਲਾਸ ਸਿੰਘ ਆਦਿ ਪਤਵੰਤਿਆਂ ਨੇ ਕੀਤੀ। ਇਸ ਮੌਕੇ ਪ੍ਰਮੁੱਖ ਤੌਰ ਤੇ ਸੰਬੋਧਨ ਕਰਦਿਆਂ ਕਾ. ਦਰਸ਼ਨ ਸਿੰਘ ਮੱਟੂ ਨੇ ਇਸ ਸ਼ਲਾਘਾਯੋਗ ਉਦਮ ਲਈ ਸਕੂਲ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੱਤੀ। ਯੂਨੀਵਰਸਲ ਸਕੂਲ ਪ੍ਰਬੰਧਕ ਕਮੇਟੀ ਦੇ ਮੁੱਖ ਪ੍ਰਬੰਧਕ ਜੋਗਿੰਦਰ ਸਿੰਘ ਅਤੇ ਪ੍ਰਿੰਸੀਪਲ ਕਮਲਜੀਤ ਕੌਰ ਨੇ ਆਏ ਡਾਕਟਰੀ ਅਮਲੇ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਸਕੂਲ ਵੱਲੋਂ ਡਾ. ਗੁਰਪਾਲ ਸਿੰਘ, ਕਾ. ਦਰਸ਼ਨ ਸਿੰਘ ਮੱਟੂ ਅਤੇ ਦਰਸ਼ਨ ਸਿੰਘ ਪਿੰਕਾ ਐਨਆਰਆਈ ਦਾ ਵਿਸ਼ੇਸ਼ ਸਨਮਾਨ ਕੀਤਾ। ਸਕੂਲ ਅਧਿਆਪਕਾ ਮਨਜੀਤ ਕੌਰ ਨੂੰ ਵਿਦਿਆਰਥੀ ਮੁਕਾਬਲਿਆਂ ਲਈ ਵਿਸ਼ੇਸ਼ ਯੋਗਦਾਨ ਕਰਕੇ ਸਨਮਾਨਤ ਕੀਤਾ ਗਿਆ।

ਅਸ਼ਵਨੀ ਸ਼ਰਮਾ ਨੂੰ ਪ੍ਰਧਾਨ ਬਨਾਉਣ ਦੂਰਅੰਦੇਸ਼ੀ ਵਾਲਾ ਫੈਸਲਾ-ਜਗਤਾਰ ਕੌੜਾ

ਅਹਿਮਦਗੜ੍ਹ, 5 ਫਰਵਰੀ (ਦੇਸ਼ ਰਾਜ ਸ਼ਰਮਾ) ਭਾਰਤੀ ਜਨਤਾ ਪਾਰਟੀ ਦੇ ਸੂਬਾਈ ਪ੍ਰਧਾਨ ਚੁਣੇ ਗਏ ਅਸ਼ਵਨੀ ਸ਼ਰਮਾ ਦੀ ਸੋਚ ਨੂੰ ਇੱਕ ਦਰੁਸਤ ਚੋਣ ਦਸੱਦਿਆ ਬੀ. ਜੇ. ਪੀ. ਮੰਡਲ ਅਹਿਮਦਗੜ੍ਹ ਦੇ ਪ੍ਰਧਾਨ ਜਗਤਾਰ ਸਿੰਘ ਕੌੜਾ ਨੇ ਅਸ਼ਵਨੀ ਸ਼ਰਮਾ ਨੂੰ ਵਧਾਈਆਂ ਦਿੱਤੀਆਂ ਹਨ। ਅਸ਼ਵਨੀ ਸ਼ਰਮਾ ਦੀ ਕੱਲ੍ਹ ਹੋਈ ਤਾਜਪੋਸ਼ੀ ਸਮਾਗਮਾਂ ਤੋਂ ਪਰਤੇ ਸ੍ਰੀ ਕੌੜਾ ਨੇ ਪ੍ਰੈਂਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਅਸ਼ਵਨੀ ਸ਼ਰਮਾ ਨੂੰ ਪ੍ਰਧਾਨ ਬਣਾਕੇ ਇੱਕ ਦੂਰਅੰਦੇਸ਼ੀ ਵਾਲਾ ਫੈਸਲਾ ਲਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿਆਸਤ ਦੀਆਂ ਧਰਾਤਲ ਤੋਂ ਲੈ ਕੇ ਸਿਖਰਲੇ ਪੱਧਰ ਤੱਕ ਦੀਆਂ ਪੌੜੀਆਂ ਕੋਈ ਜ਼ਮੀਨ ਨਾਲ ਜੁੜਿਆ ਹੋਇਆ ਸਿਆਸਤਦਾਨ ਹੀ ਚੜ੍ਹ ਸਕਦਾ ਤੇ ਇਹ ਗੱਲ ਸਾਡੇ ਨਵੇਂ ਚੁਣੇ ਗਏ ਪ੍ਰਧਾਨ ਸ੍ਰੀ ਅਸ਼ਵਨੀ ਸ਼ਰਮਾ ਉੱਪਰ ਪੂਰੀ ਤਰ੍ਹਾਂ ਢੁਕੱਦੀ ਹੈ। ਜਿੱਥੇ ਭਾਜਪਾ ਨੇ ਪਿਛਲੇ ਪ੍ਰਧਾਨ ਪ੍ਰੋਫੈਸ਼ਰ ਰਜਿੰਦਰ ਭੰਡਾਰੀ ਦੀ ਅਗਵਾਈ ਵਿੱਚ ਸਿਆਸਤ ਦੀਆਂ ਚੋਟੀਆਂ ਸਰ ਕੀਤੀਆਂ ਉਥੇ ਅਸ਼ਵਨੀ ਸ਼ਰਮਾ ਦੀ ਅਗਵਾਈ ਵਿੱਚ ਭਾਜਪਾ ਦੋ ਸਾਲ ਬਾਅਦ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਸਹਿਯੋਗੀ ਪਾਰਟੀ ਅਕਾਲੀ ਦਲ ਨਾਲ ਰਲਕੇ ਇੱਕ ਵੱਡੀ ਜਿੱਤ ਪ੍ਰਾਪਤ ਕਰੇਗੀ ਅਤੇ ਦੁਬਾਰਾ ਸਰਕਾਰਾਂ ਬਣਾਏਗੀ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਬੀ. ਜੇ. ਪੀ. ਆਗੂ ਐਸ. ਰਮੇਸ਼ ਚੰਦ ਘਈ, ਵਿਜੇ ਗੋਇਲ ਐਡਵੋਕੇਟ ਹੀਰਾ ਲਾਲ ਗੋਇਲ, ਐਡਵੋਕੇਟ ਪਰਸ਼ੋਤਮ ਗੋਇਲ, ਯਸ਼ਪਾਲ ਗੋਇਲ, ਜਗਦੀਸ਼ ਬਬਲੀ ਨੇਮ ਚੰਦ ਜੈਨ, ਦੇਸ਼ ਰਾਜ ਸ਼ਰਮਾ ਵੀ ਵਿਸੇਸ਼ ਤੌਰ ਤੇ ਹਾਜਰ ਸਨ।

ਧੂਰੀ ਵਿਖੇ ਦੂਜਾ ਕਬੱਡੀ ਖੇਡ ਮੇਲਾ 25 ਫਰਵਰੀ ਨੂੰ ਕਰਵਾਉਣ ਦਾ ਫੈਸਲਾ

ਧੂਰੀ, 5 ਫਰਵਰੀ (ਪ.ਪ.)-ਸ਼ਹੀਦ ਬਾਬਾ ਦੀਪ ਸਿੰਘ ਯੂਥ ਵੈੱਲਫੇਅਰ ਐਂਡ ਸਪੋਰਟਸ ਕਲੱਬ ਧੂਰੀ ਦੀ ਹੋਈ ਮੀਟਿੰਗ ਉਪਰੰਤ ਕਲੱਬ ਦੇ ਜਨਰਲ ਸਕੱਤਰ ਡਾ. ਮੇਜਰ ਸਿੰਘ ਬਾਦਸ਼ਾਹਪੁਰ, ਕੁਲਦੀਪ ਸਿੰਘ ਕੱਕੜਵਾਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਮੀਟਿੰਗ ਵਿੱਚ ਕਲੱਬ ਵੱਲੋਂ ਦੂਜਾ ਦੋ ਦਿਨਾਂ ਕਬੱਡੀ ਖੇਡ ਮੇਲਾ 25 ਤੇ 26 ਫਰਵਰੀ ਨੂੰ ਨਵੀਂ ਅਨਾਜ ਮੰਡੀ ਧੂਰੀ ਵਿਖੇ ਕਰਵਾਉਣ ਦਾ ਫੈਸਲਾ ਕੀਤਾ ਗਿਆ। ਕਲੱਬ ਦੇ ਆਗੂਆਂ ਅਨੁਸਾਰ ਖੇਡ ਮੇਲੇ ਦੌਰਾਨ ਇੱਕ ਪਿੰਡ ਓਪਨ ਕਬੱਡੀ ਦੀ ਜੇਤੂ ਟੀਮ ਨੂੰ 41000 ਰੁਪਏ ਅਤੇ ਦੂਜੇ ਨੰਬਰ ਦੀ ਟੀਮ ਨੂੰ 25000 ਰੁਪਏ ਦੀ ਨਕਦੀ ਦੇ ਸਨਮਾਨ ਤੋਂ ਇਲਾਵਾ ਕਬੱਡੀ 70 ਕਿੱਲੋ ਜੇਤੂ ਟੀਮ ਨੂੰ 11000 ਰੁਪਏ ਅਤੇ 60 ਕਿੱਲੋ ਕਬੱਡੀ ਜੇਤੂ ਟੀਮ ਨੂੰ 51000 ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਆ ਜਾਵੇਗਾ।

ਭਗਤ ਰਵਿਦਾਸ ਜੀ ਦੇ ਜਨਮ ਦਿਨ ਦੇ ਸੰਬੰਧ ਵਿੱਚ ਲੰਗਰ ਲਗਾਇਆ

ਫਗਵਾੜਾ, 5 ਫਰਵਰੀ (ਜਸਵਿੰਦਰ ਢੱਡਾ)-ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਸਥਾਨਿਕ ਕਚਹਿਰੀ ਫਗਵਾੜਾ ਵਿਖੇ ਬਹੁਤ ਦੀ ਸ਼ਰਧਾ ਨਾਲ ਕਚਹਿਰੀ ਵਿੱਚ ਕੰਮ ਕਰਦੇ ਸਮੂਹ ਸਟਾਫ ਨੇ ਮਨਾਇਆ। ਸਥਾਨਿਕ ਐੱਸ.ਡੀ.ਐੱਮ. ਸ੍ਰੀ ਅਮਰਜੀਤ ਪਾਲ ਨੇ ਇਸ ਮੌਕੇ ਤੇ ਲਗਾਏ ਗਏ ਗੁਰੂ ਦੇ ਲੰਗਰ ਦਾ ਉਦਘਾਟਨ ਕੀਤਾ ਗਿਆ। ਇਸ ਅਵਸਰ 'ਤੇ ਨਾਇਬ ਤਹਿਸੀਲਦਾਰ ਸ੍ਰੀ ਮੂਲਖ ਰਾਜ, ਲਕੇਸ਼ ਨਾਰੰਗ ਐਡਵੋਕੇਟ, ਸੰਜੂ ਚਾਹਲ ਗੁਰਪ੍ਰਸ਼ਾਦ ਬੱਗਾ ਸਾਬਕਾ ਸਰਪੰਚ, ਸ੍ਰੀ ਪਰਮਜੀਤ ਸਿੰਘ ਚਾਚੋਕੀ, ਲਖਵੀਰ ਮਾਹੀ ਵਾਈਸ ਪ੍ਰੈਜ਼ੀਡੈਂਟ ਟਾਈਪਿਸਟ ਯੂਨੀਅ, ਸੋਮ ਨਾਥ, ਬਲਵੀਰ ਚੰਦ ਫੌਜੀ, ਜਸਕਰਨ ਰਾਏ, ਸੱਤਪਾਲ ਸੰਧੂ, ਜਸਵੀਰ ਮਾਹੀ, ਸਮਾਜ ਸੇਵਕ ਜਸਵਿੰਦਰ ਢੱਡਾ, ਸੁਰਿੰਦਰ ਕੁਮਾਰ, ਕਪਿਲ ਦੇਵ, ਮਾਹੀ, ਸੰਜੀਵ ਚੱਢਾ ਆਦਿ ਹਾਜ਼ਰ ਸਨ।

ਪਿੰਡਾ ਯਾਦਗਾਰੀ ਪਹਿਲਾ ਕਬੱਡੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪਨ

☀ ਚੇਅਰਮੈਨ ਇਆਲੀ ਵੱਲੋਂ ਪਿੰਡ ਨੂੰ 15 ਲੱਖ ਦੀ ਗ੍ਰਾਂਟ ਦਾ ਐਲਾਨ

ਅਹਿਮਦਗੜ੍ਹ, 5 ਫਰਵਰੀ (ਸੁਖਜੀਤ ਖੇੜਾ, ਰੂਪੀ ਰਛੀਨ) ਫੈਡਰੇਸ਼ਨ ਵੈਲਫੇਅਰ ਕਲੱਬ ਵੱਲੋਂ ਪਿੰਡ ਛਪਾਰ (ਲੁਧਿਆਣਾ) ਵਿਖੇ ਭੁਪਿੰਦਰ ਸਿੰਘ ਪਿੰਦਾ ਯਾਦਗਾਰੀ ਪਹਿਲਾ ਕਬੱਡੀ ਟੂਰਨਾਮੈਂਟ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸੰਪਨ ਹੋਇਆ। ਉਦਘਾਟਨ ਸ. ਜਗਪਾਲ ਸਿੰਘ ਖੰਗੂੜਾ ਅਤੇ ਅਖੀਰਲੇ ਦਿਨ ਇਨਾਮਾਂ ਦੀ ਵੰਡ ਸ. ਮਨਪ੍ਰੀਤ ਸਿੰਘ ਇਆਲੀ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਨੇ ਕੀਤੀ। ਉਨ੍ਹਾਂ ਇਸ ਮੌਕੇ ਪਿੰਡ ਨੂੰ 15 ਲੱਖ ਰੁਪਏ ਦੀ ਗ੍ਰਾਂਟ ਅਤੇ ਸਪੋਰਟਸ ਕਲੱਬ ਨੂੰ ਕਿੱਟ ਲਈ 50 ਹਜਾਰ ਰੁਪਏ ਦੇਣ ਦਾ ਐਲਾਨ ਕੀਤਾ। ਫਾਈਨਲ ਮੁਕਾਬਲਿਆਂ ਵਿੱਚ ਕਬੱਡੀ ਓਪਨ ਇਕ ਪਿੰਡ ਵਿਚ ਢੋਡੇ ਨੇ ਪਿੰਡ ਇੰਦਗੜ੍ਹ ਨੂੰ ਹਰਾ ਕੇ 31 ਹਜ਼ਾਰ ਰੁਪਏ ਦਾ ਇਨਾਮ ਜਿੱਤਿਆ। ਕਬੱਡੀ 57 ਕਿਲੋ ਦੇ ਆਖਰੀ ਮੁਕਾਬਲਿਆਂ ਵਿੱਚ ਕੁਰੜਛਾਪਾ ਨੇ ਛਪਾਰ ਨੂੰ ਅਤੇ 70 ਕਿਲੋ ਕਬੱਡੀ ਵਿੱਚ ਰਛੀਨ ਨੇ ਨੱਥੋਹੇੜੀ ਨੂੰ ਹਰਾਇਆ। ਟਰਾਲੀ ਬੈਕ ਦੇ ਵੀ ਸ਼ਾਨਦਾਰ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਹਰਮਿੰਦਰ ਪੰਜਗਰਾਈਂ ਨੇ ਪਹਿਲਾ, ਜੋਤੀ ਪੰਜਗਰਾਈ ਨੇ ਦੂਸਰਾ ਅਤੇ ਹਰਜਿੰਦਰ ਸਿੰਘ ਰੁੜਕਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜੇਤੂਆਂ ਨੂੰ ਨਗਰ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਾਨ ਸਿੰਘ ਗਰਚਾ, ਗੁਰਮੁੱਖ ਸਿੰਘ ਲਤਾਲਾ ਚੇਅਰਮੈਨ ਬਲਾਕ ਸੰਮਤੀ, ਜੱਥੇ ਜਗਤਾਰ ਸਿੰਘ ਲਤਾਲਾ, ਈਸ਼ਰ ਸਿੰਘ ਧੂਲਕੋਟ, ਗੁਰਮੀਤ ਸਿੰਘ ਛਪਾਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿਹਾਤੀ ਲੁਧਿਆਣਾ, ਗੁਰਮੇਲ ਸਿੰਘ ਸਰਪੰਚ ਅਜਾਇਬ ਸਿੰਘ ਛਪਾਰ ਸਾਬਕਾ ਸਰਪੰਚ, ਅਵਤਾਰ ਸਿੰਘ ਲਤਾਲਾ ਸਾਬਕਾ ਚੇਅਰਮੈਨ, ਕਮਲਪ੍ਰੀਤ ਸਿੰਘ ਖੰਗੂੜਾ ਲਤਾਲਾ, ਰੋਮੀ ਛਪਾਰ, ਸਰਬਜੀਤ ਸਿੰਘ ਪੰਚ, ਬਲਜੀਤ ਸਿੰਘ ਪੰਚ, ਏਕਨੂਰ ਸੇਵਾ ਸੁਸਾਇਟੀ ਦੇ ਪ੍ਰਧਾਨ ਠੇਕੇਦਾਰ ਸ਼ੇਰ ਸਿੰਘ ਛਪਾਰ, ਕੁਲਵੰਤ ਸਿੰਘ ਛਪਾਰ ਸੇਵਾ ਮੁਕਤ ਮੈਨੇਜਰ ਮਾਰਕਫੈਟ, ਸੁਦਾਗਰ ਸਿੰਘ, ਗੁਰਮੇਲ ਸਿੰਘ, ਹਰਦਿਆਲ ਸਿੰਘ ਸਾਬਕਾ ਸਰਪੰਚ, ਪਰਮਿੰਦਰ ਸਿੰਘ ਪਰਮ ਛਪਾਰ, ਅਮੋਲਕ ਸਿੰਘ ਸਰਪੰਚ ਧੂਲਕੋਟ, ਸੁਰਿੰਦਪਾਲ ਸਿੰਘ ਟੋਨੀ, ਕਾਲਖ ਅੰਤਰ ਰਾਸ਼ਟਰੀ ਕਬੱਡੀ ਖਿਡਾਰੀ, ਧੀਰਾ ਕਾਲਖ ਕੈਨੇਡਾ, ਜੋਰਾ ਸਿੰਘ ਛਪਾਰ ਸੰਮਤੀ ਮੈਂਬਰ, ਗੁਰਜੀਤ ਸਿੰਘ ਲਹਿਰਾ ਯੂਥ ਅਕਾਲੀ ਆਗੂ, ਸੁਰਿੰਦਰ ਸ਼ਰਮਾ ਅਹਿਮਦਗੜ੍ਹ, ਮਨਪ੍ਰੀਤ ਸਿੰਘ ਪੀਤਾ ਕਲੱਬ ਪ੍ਰਧਾਨ, ਮਨਪ੍ਰੀਤ ਸਿੰਘ ਮਾਟਾ ਸੈਕਟਰੀ, ਰਾਜਦੀਪ ਸਿੰਘ, ਅਵਤਾਰ ਸਿੰਘ ਤਾਰ, ਮਨੀ ਸੇਖੋਂ, ਜਸਪਾਲ ਸੇਖੋਂ. ਬਿੱਟੂ ਦੱਤ, ਬਿੰਦਰੀ, ਹੈਪੀ ਚੇਅਰਮੈਨ, ਮੰਨਾ ਮਰਜਾਨਾ, ਟੀਟਾ, ਰਣਜੀਤ ਸਿੰਘ, ਸੁਖਵਿੰਦਰ ਸਿੰਘ ਗੋਰਾ, ਕਾਕਾ ਮਲੌਦ ਰੋੜੀਆ, ਕੁਲਜੀਤ ਸਿੰਘ ਛਪਾਰ, ਸੁਖਦੇਵ ਸਿੰਘ ਪੰਚ, ਗੁਰਵਿੰਦਰ ਸਿੰਘ ਗਰੇਵਾਲ ਸਰਪੰਚ ਮਿੰਨੀ ਛਪਾਰ, ਰੂਸੀ ਲਤਾਲਾ ਯੂਥ ਕਾਂਗਸਸ ਆਗੂ, ਜੀਤਾ ਜੰ ਆਦਿ ਹਾਜਰ ਸਨ। ਕਾਲਾ ਰਛੀਨ ਨੇ ਨਛੱਤਰ ਸਿੰਘ ਦਹਿਲੀਜ ਨੇ ਪੂਰੇ ਟੂਰਨਾਮੈਂਟ ਦੀ ਕੁਮੈਂਟਰੀ ਬਾਖੂਬੀ ਕੀਤੀ। ਮਾਸਟਰ ਅਜਾਇਬ ਸਿੰਘ ਛਪਾਰ ਨੇ ਆਏ ਹੋਏ ਖਿਡਾਰੀਆਂ, ਦਰਸ਼ਕਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

ਵਿਆਹ ਦੀ ਸਤਾਰਵੀਂ ਵਰ੍ਹੇਗੰਢ ਮੌਕੇ ਅੱਖਾਂ ਦਾਨ ਕੀਤੀਆਂ

ਕੋਟਕਪੂਰਾ 5 ਫਰਵਰੀ (ਸੁਭਾਸ਼ ਮਹਿਤਾ) ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਰੋਮਾਨਾ ਅਲਬੇਲ ਸਿੰਘ ਦੇ ਵਸਨੀਕ ਤੇ ਸਮਾਜ ਸੇਵੀ ਬਲਜੀਤ ਸਿੰਘ ਬਰਾੜ ਅਤੇ ਉਨਾਂ ਦੀ ਧਰਮ ਪਤਨੀ ਸ੍ਰੀ ਮਤੀ ਬਲਵੀਰ ਕੌਰ ਨੇ ਆਪਣੇ ਵਿਆਹ ਦੀ ਸਤਾਰਵੀਂ ਵਰ੍ਹੇ ਗੰਢ ਅਨੋਖੇ ਤਰੀਕੇ ਨਾਲ ਮਨਾਂਉਦਿਆਂ ਅਤੇ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਹੁੰਦਿਆਂ ਆਪਣੇ ਮਰਨ ਉਪਰੰਤ ਆਪਣੀਆਂ ਅੱਖਾਂ ਦਾਨ ਕਰਨ ਦਾ ਹਲਫੀਆ ਬਿਆਨ ਲਾਇਨਜ ਕਲੱਬ ਕੋਟਕਪੂਰਾ ਡਾਇਆਮੰਡ ਦੇ ਅਹੁਦੇਦਾਰਾਂ ਨੂੰ ਸੌਂਪਿਆ। ਉਨਾਂ ਹਲਫੀਆ ਬਿਆਨ ਰਾਂਹੀ ਆਪਣੀ ਇੱਛਾ ਪ੍ਰਗਟ ਕੀਤੀ ਕਿ ਮਰਨ ਉਪਰੰਤ ਉਨਾਂ ਦੀਆਂ ਅੱਖਾਂ ਨੂੰ ਕਿਸੇ ਜਰੂਰਤ ਮੰਦ ਅਤੇ ਗਰੀਬ ਵਿਅਕਤੀ ਨੂੰ ਹੀ ਦਿੱਤੀਆ ਜਾਣ ਤਾਂ ਕਿ ਕੋਈ ਲੋੜ ਵੰਦ ਵਿਅਕਤੀ ਇਸ ਦੁਨੀਆਂ ਦੇ ਰੰਗਾਂ ਨੂੰ ਸਾਡੀਆਂ ਅੱਖਾਂ ਨਾਲ ਵੇਖ ਸਕੇ । ਪੱਤਰਕਾਰਾਂ ਨਾਲ ਰੁਬਰੂ ਹੁੰਦਿਆਂ ਬਲਜੀਤ ਸਿਘ ਨੇ ਕਿਹਾ ਕਿ ਨੇਤਰ ਦਾਨ ਹੀ ਸਭ ਤੋਂ ਵੱਡਾ ਦਾਨ ਹੈ ਇਹ ਮਨੁੱਖੀ ਜਾਮਾ ਇਨਸਾਨ ਨੂੰ ਮਸਾਂ ਹੀ ਮਿਲਦਾ ਹੈ ਅਤੇ ਇਸ ਜਨਮ ਦੌਰਾਨ ਵੀ ਜੋ ਵਿਅਕਤੀ ਅੱਖਾਂ ਤੋਂ ਅਧੂਰਾ ਹੈ ਅਤੇ ਕੁਦਰਤੀ ਨਜ਼ਾਰਿਆ ਦਾ ਅਨੰਦ ਨਹੀਂ ਲੈ ਸਕਿਆਂ ਜਾਂ ਕਿਸੇ ਕਾਰਨ ਆਪਣੀਆਂ ਅੱਖਾਂ ਦੀ ਰੌਸਨੀ ਗੁਆ ਚੁੱਕਾਹੈ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਇਹ ਅੱਖਾਂ ਉਸ ਵਿਅਕਤੀ ਨੂੰ ਕੁਦਰਤੀ ਨਜਾਰਿਆਂ ਦਾ ਅਨੰਦ ਦਿੰਦੀਆਂ ਹੋਈਆਂ ਜਿਉਦੀਆਂ ਰਹਿ ਸਕਨ ਵੇਸੇ ਵੀ ਇਨਾਂ ਨੇ ਮਰਨ ਤੋਂ ਬਾਅਦ ਖਤਮ ਹੋਣਾ ਹੁੰਦਾ ਹੈ । ਉਨਾਂਕਿਹਾ ਕਿ ਇਸ ਪ੍ਰਤੀ ਉਨਾਂ ਦੇ ਕਿਸੇ ਘਰ ਵਾਲੇ ਜਾਂ ਰਿਸਤੇਦਾਰ ਨੂੰ ਕੋਈ ਇਤਰਾਜ ਨਹੀਂ ਹੋਵੇਗਾ ।ਉਨਾਂ ਦੀ ਧਰਮ ਪਤਨੀ ਬਲਬੀਰ ਕੋਰ ਨੇ ਵੀ ਫਕਰ ਮਹਿਸੂਸ ਕਰਦਿਆਂ ਕਿਹਾ ਕਿ ਅਸੀਂ ਇਹ ਆਮ ਅਖਬਾਰਾਂ ਵਿੱਚ ਪੜਦੇ ਰਹਿੰਦੇ ਸਾਂ ਕਿ ਕਿਨੈ ਲੋਕ ਇਸ ਤਰ੍ਹਾਂ ਦੇ ਹਨ ਜੋ ਆਪਣੀਆਂ ਅੱਖਾਂ ਨਾ ਹੁੰਦੇ ਹੋਏ ਇਸ ਦੁਨੀਆਂ ਨੂੰ ਬਗੈਰ ਦੇਖੇ ਚਲੇ ਜਾਂਦੇ ਹਨ ਪਰ ਅਸੀਂ ਵਹਿਮਾਂ ਭਰਮਾਂ ਤੋਂ ਉਪਰ ਉਠ ਕੇ ਇਹ ਫੈਸਲਾ ਲਿਆ ਹੈ । ਉਨਾ ਹੋਰ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਇਹੋ ਜਿਹੇ ਨੇਕ ਕੰਮਾਂ ਵਿੱਚ ਆਪਣਾ ਯੋਗਦਾਨ ਪਾਉਣ । ਇਸ ਸਮੇਂ ਇਨਾ ਨੇ ਆਉਣ ਵਾਲੇ ਸਮੈਂ ਵਿੱਚ ਆਪਣਾ ਸਰੀਰ ਦਾਨ ਕਰਨ ਬਾਰੇ ਵੀ ਕਿਹਾ । ਇਸ ਸਮੇ ਪਿੰਡ ਦੇ ਸਰਪੰਚ ਹਰਪਾਲ ਸਿੰਘ , ਕੇਵਲ ਸਿੰਘ ਬਰਾੜ ਪ੍ਰਧਾਨ ਲਾਇਨਜ ਕਲੱਬ ਕੋਟਕਪੂਰਾ ਡਾਇਆਮੰਡ , ਰਛਪਾਲ ਸਿੰਘ ਕੈਸ਼ੀਅਰ , ਸ਼ਾਮ ਲਾਲ ਚਾਵਲਾ ਸਕੱਤਰ , ਅਤੇ ਹੋਰ ਪਤਵੰਤੇ ਸ਼ਾਮਲ ਸਨ

ਬੰਦਾ ਬਹਾਦਰ ਕਾਲਜ ਵਿਚ ਕੁਇਜ਼ ਮੁਕਾਬਲਾ ਕਰਵਾਇਆ

ਫਤਿਹਗੜ੍ਹ ਸਾਹਿਬ 5 ਫਰਵਰੀ (ਪਰਦੀਪ ਸਿੰਘ) : ਸਥਾਨਕ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਵਿਚ ਆਜ਼ਾਦੀ ਦੇ ਸੰਘਰਸ਼ ਬਾਰੇ ਇਕ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿਚ ਕਾਲਜ ਦੇ ਵੱਖੋ-ਵੱਖਰੇ ਵਿਭਾਗਾਂ ਤੋਂ 124 ਵਿਦਿਆਰਥੀਆਂ ਨੇ ਭਾਗ ਲਿਆ। ਇਲੈਕਟ੍ਰਾਨਿਕਸ ਇੰਜੀਨੀਅਰਿੰਗ ਵਿਭਾਗ ਦੇ ਗਗਨ ਮਿਸ਼ਰਾ ਤੇ ਮਹੇਸ਼ ਸਭਰਵਾਲ ਦੀ ਟੀਮ ਨੇ ਪਹਿਲਾ ਸਥਾਨ ਹਾਸਿਲ ਕੀਤਾ ਜਦ ਕਿ ਇਲੈਕਟ੍ਰੀਕਲ ਇੰਜੀਨੀਅਰਿੰਗ ਦੇ ਵਿਸ਼ਾਲ ਨੂੰ ਦੂਜਾ ਸਥਾਨ ਮਿਲਿਆ ਅਤੇ ਕੰਪਿਊਟਰ ਸਾਇੰਸ ਵਿਭਾਗ ਦੇ ਸਿਮਪ੍ਰੀਤ ਸਿੰਘ ਤੇ ਸਾਹਿਲ ਸਿੰਗਲਾ 'ਤੇ ਆਧਾਰਿਤ ਟੀਮ ਨੂੰ ਤੀਜਾ ਸਥਾਨ ਮਿਲਿਆ। ਇਸ ਕੁਇਜ਼ ਮੁਕਾਬਲੇ ਦਾ ਆਯੋਜਨ ਕਾਲਜ ਦੇ ਵਿਦਿਆਰਥੀਆਂ ਵਲੋਂ ਕੀਤਾ ਗਿਆ ਜਿਹਨਾਂ ਦੀ ਅਗਵਾਈ ਮਨਮੀਤ ਕੌਰ, ਦਿਵਿਆ ਸਿੰਗਲਾ, ਦੀਪਿਕਾ ਭਾਰਦਵਾਜ, ਤਨਜੋਤ ਸਿੰਘ ਅਤੇ ਗੁਰਪਾਲ ਸਿੰਗ ਨੇ ਕੀਤੀ। ਇਨਾਮਾਂ ਦੀ ਵੰਡ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਮਨਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਬਹੁਤ ਹੀ ਸੰਤੁਸ਼ਟੀ ਵਾਲੀ ਗੱਲ ਹੈ ਕਿ ਇੰਜੀਨੀਅਰਿੰਗ, ਪ੍ਰਬੰਧਨ ਅਤੇ ਤਕਨੀਕੀ ਵਿਸ਼ਿਆਂ ਵਾਲੇ ਵਿਦਿਆਰਥੀ ਆਜ਼ਾਦੀ ਦੇ ਸੰਘਰਸ਼ ਵਿਚ ਨਾ ਸਿਰਫ਼ ਰੁਚੀ ਲੈਂਦੇ ਹਨ ਸਗੋਂ ਉਸ ਦੇ ਬਾਰੇ ਵਿਚ ਬਹੁਤ ਕੁਝ ਜਾਣਦੇ ਵੀ ਹਨ। ਉਹਨਾਂ ਇਹ ਵੀ ਕਿਹਾ ਕਿ ਜਿਥੇ ਇਕ ਪਾਸੇ ਪੜ੍ਹਾਈ ਵਿਚ ਕੁੜੀਆਂ ਦੀ ਸਰਦਾਰੀ ਹੋ ਰਹੀ ਹੈ।

ਸੰਸਕ੍ਰਿਤੀ ਗਿਆਨ 'ਚ ਪ੍ਰਥਮ ਰਹੀ

ਮੌੜ ਮੰਡੀ, 5 ਫਰਵਰੀ (ਸ਼ਾਮ ਲਾਲ ਜੋਧਪੁਰੀਆ) ਮਹਾਰਾਜਾ ਅੱਗਰਸੈਨ ਸੀਸੈ ਸਕੂਲ ਮੌੜ ਮੰਡੀ ਦੇ ਪ੍ਰਿੰਸੀਪਲ ਸ਼੍ਰੀ ਮਤੀ ਜਮਨਾ ਦੇਵੀ ਨੇ ਦੱਸਿਆ ਕਿ ਅੱਠਵੀਂ ਕਲਾਸ ਦੀ ਵਿਦਿਆਰਥਣ ਤਾਨਿਆ ਗਰਗ ਨੇ ਭਾਰਤੀ ਸੰਸਮ੍ਰਿਤੀ ਗਿਆਨ ਪ੍ਰੀਖਿਆ ਜੋ ਸ਼ਾਂਤੀ ਕੁੰਜ ਹਰਦਵਾਰ ਵੱਲੋਂ ਲਈ ਗਈ ਸੀ ਵਿੱਚ 100 ਵਿੱਚੋਂ 99 ਨੰਬਰ ਪ੍ਰਾਪਤ ਕਰਕੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਹੈ । ਇਸ ਵਿਦਿਆਰਥੀ ਨੇ ਆਪਣੇ ਸਕੂਲ ਅਤੇ ਮੌੜ ਮੰਡੀ ਦਾ ਨਾਮ ਰੋਸ਼ਨ ਕੀਤਾ ਹੈ । ਤਾਨਿਆ ਗਰਗ ਨੇ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਅਤੇ ਮੈਨੇਜਮੈਂਟ ਕਮੇਟੀ ਅਤੇ ਮਾਤਾ ਪਿਤਾ ਦੇ ਸਹਿਯੋਗ ਨਾਲ ਇਹ ਮੁਕਾਮ ਹਾਸਿਲ ਕੀਤਾ ਹੈ । ਇੰਨਾਂ ਕਿਹਾ ਕਿ ਮੇਰਾ ਇੱਕ ਹੀ ਸੁਪਨਾ ਹੈ ਕਿ ਮੈਂ ਪੜ ਲਿਖ ਕੇ ਡਾਕਟਰ ਜਾਂ ਕਿਸੇ ਹੋਰ ਚੰਗੇ ਅਹੁਦੇ ਤੇ ਪਹੁੰਚ ਕੇ ਸਮਾਜ ਦੀ ਸੇਵਾ ਕਰ ਸਕਾਂ ਇਸ ਤੋਂ ਬਿਨਾਂ ਅੱਠਵੀਂ ਕਲਾਸ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਬਠਿੰਡਾ ਜਿਲ੍ਹਾ ਵਿੱਚੋਂ ਤੀਸਰਾ, ਛੇਵੀਂ ਕਲਾਸ ਦੀ ਵਿਦਿਆਰਥੀ ਸ਼ਿਵਾਨੀ ਨੇ ਪਹਿਲਾ ਅਤੇ ਪੰਜਵੀਂ ਕਲਾਸ ਦੀ ਵਿਦਿਆਰਥੀ ਪਰੱਗਯਾ ਨੇ ਤੀਸਰਾ ਸਥਾਨ ਹਾਸਿਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ । ਇਸ ਮੌਕੇ ਤੇ ਸਕੂਲ ਦੇ ਵਰਿੰਦਰ ਕੁਮਾਰ ਗਰਗ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਨਾਲੋਂ ਇੰਨਾਂ ਸਕੂਲਾਂ ਦੇ ਬੱਚੇ ਖੇਡਾਂ ਵਿੱਚ, ਪੜਾਈ ਵਿੱਚ ਅਤੇ ਹੋਰ ਗਤੀਵੀਧੀਆਂ ਵਿੱਚ ਵਧ੍ਹ ਚੜ੍ਹ ਕੇ ਹਿਸਾ ਲੈ ਰਹੇ ਹਨ ਅਤੇ ਹਮੇਸ਼ਾ ਅਬਲ ਸਥਾਨ ਤੇ ਹੀ ਹੁੰਦੇ ਹਨ । ਇੰਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇੰਨਾਂ ਸਕੂਲਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇ ਤਾਂ ਜੋ ਬੱਚਿਆ ਨੂੰ ਹੋਰ ਲੌੜੀਂਦੀਆਂ ਸਹੂਲਤਾਂ ਦਿੱਤੀਆਂ ਜਾ ਸਕਣ ਅਤੇ ਪੜ ਲਿਖ ਕੇ ਚੰਗੇ ਅਹੁਦਿਆ ਉੱਤੇ ਪਹੁੰਚ ਸਕਣ । ਇਸ ਮੋਕੇ ਤੇ ਚੌਧਰੀ ਦਰਸ਼ਨ ਕੁਮਾਰ, ਸੁਸ਼ੀਲ ਕੁਮਾਰ ਸ਼ੀਲੀ, ਚੌਧਰੀ ਹਰੀ ਓਮ, ਸੰਦੀਪ ਕੁਮਾਰ ਡੱਬੂ, ਅਤੇ ਸਕੂਲ ਦਾ ਸਟਾਫ ਹਾਜਿਰ ਸੀ ।

ਸੜਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇ

→ ਡੀ. ਸੀ. ਨੇ ਡੀ. ਟੀ. ਓ ਨੂੰ ਕੀਤੀ ਹਿਦਾਇਤ ←

ਫਤਿਹਗੜ੍ਹ ਸਾਹਿਬ 5 ਫਰਵਰੀ (ਪਰਦੀਪ ਸਿੰਘ) : ਤੇਜੀ ਨਾਲ ਵਾਹਨ ਚਲਾਉਣ ਅਤੇ ਵਾਹਨ ਚਾਲਕਾਂ ਵਿੱਚ ਸਹਿਣਸ਼ੀਲਤਾ ਦੀ ਘਾਟ ਸੜਕ ਹਾਦਸਿਆਂ ਦਾ ਮੁੱਖ ਕਾਰਨ ਬਣਦੀ ਹੈ ਅਤੇ ਹਰ ਵਰ੍ਹੇ ਵਾਹਨ ਚਾਲਕਾਂ ਦੀ ਅਣਗਹਿਲੀ ਕਾਰਨ ਅਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਕਰਕੇ ਵੱਡੀ ਗਿਣਤੀ ਵਿੱਚ ਅਨਮੋਲ ਜਾਨਾਂ ਸੜਕ ਹਾਦਸਿਆਂ ਦੀ ਭੇਂਟ ਚੜ੍ਹ ਜਾਂਦੀਆਂ ਹਨ । ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਕਮ ਚੇਅਰਮੈਨ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਸ੍ਰੀ ਯਸ਼ਵੀਰ ਮਹਾਜਨ ਨੇ ਕਮੇਟੀ ਦੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ । ਉਨ੍ਹਾਂ ਆਖਿਆ ਕਿ ਸੜਕਾਂ ਤੇ ਜੇਕਰ ਵਾਹਨ ਚਾਲਕ ਨਿਰਧਾਰਤ ਗਤੀ ਤੋਂ ਵੱਧ ਵਾਹਨ ਨਾ ਚਲਾਕੇ ਅਤੇ ਥੋੜੀ ਜਿਹੀ ਚੌਕਸੀ ਵਰਤਕੇ ਅਤੇ ਸਹਿਣਸੀਲਤਾ ਦੇ ਗੁਣ ਨੂੰ ਅਪਣਾ ਲੈਣ ਤਾਂ ਸੜਕ ਹਾਦਸਿਆ ਵਿੱਚ ਅਜਾਈ ਜਾਣ ਵਾਲੀਆਂ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ । ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਟਰਾਂਸਪੋਰਟ ਅਫਸਰ ਨੂੰ ਹਦਾਇਤ ਕੀਤੀ ਕਿ ਵੱਧ ਗਤੀ ਵਿੱਚ ਵਾਹਨ ਚਲਾਉਣ ਵਾਲੇ ਅਤੇ ਉੱਚੀ ਆਵਾਜ ਵਾਲੇ ਹਾਰਨਾਂ ਦੀ ਵਰਤੋਂ ਕਰਨ ਵਾਲੇ ਪ੍ਰਾਈਵੇਟ ਬੱਸਾਂ ਅਤੇ ਟਰੱਕਾਂ ਦੇ ਚਾਲਕਾਂ ਨਾਲ ਸਖਤੀ ਨਾਲ ਨਜਿੱਠਿਆ ਜਾਵੇ ਅਤੇ ਜੇਕਰ ਕੋਈ ਚਾਲਕ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸਦਾ ਚਲਾਨ ਕੱਟਕੇ ਉਸ ਦੇ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ । ਉਨ੍ਹਾਂ ਜ਼ਿਲ੍ਹਾ ਟਰਾਂਸਪੋਰਟ ਅਫਸਰ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਵਾਹਨ ਚਾਲਕਾਂ ਨੂੰ ਲਾਇਸੈਂਸ ਜਾਰੀ ਕਰਨ ਸਮੇਂ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਡਰਾਈਵਿੰਗ ਲਾਇਸੈਂਸ ਦੀ ਮੰਗ ਕਰਨ ਵਾਲੇ ਵਿਅਕਤੀ ਨੇ ਕਿਸੇ ਮਾਨਤਾ ਪ੍ਰਾਪਤ ਡਰਾਈਵਿੰਗ ਟਰੇਨਿੰਗ ਸਕੂਲ ਤੋਂ ਸਿਖਲਾਈ ਪ੍ਰਾਪਤ ਕੀਤੀ ਹੋਵੇ । ਸ੍ਰੀ ਮਹਾਜਨ ਨੇ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਜ਼ਿਲ੍ਹਾ ਟਰੈਫਿਕ ਪੁਲੀਸ ਦੇ ਅਧਿਕਾਰੀਆਂ ਨੂੰ ਆਖਿਆ ਕਿ ਉਹ ਸਕੂਲਾਂ ਦੇ ਬੱਚਿਆਂ ਨੂੰ ਟਰੈਫਿਕ ਨਿਯਮਾਂ ਤੋਂ ਜਾਣੂ ਕਰਵਾਉਣ ਲਈ ਇੱਕ ਵਿਸ਼ੇਸ ਮੁਹਿੰਮ ਸ਼ੁਰੂ ਕਰਨ ਤਾਂ ਜੋ ਉਹ ਟਰੈਫਿਕ ਨਿਯਮਾਂ ਦਾ ਸੁਨੇਹਾ ਘਰ ਘਰ ਪਹੁੰਚਾ ਕੇ ਅਣਗਹਿਲੀ ਨਾਲ ਹੋਣ ਵਾਲੇ ਸੜਕੀ ਹਾਦਸਿਆਂ ਤੋਂ ਬਚਿਆ ਜਾ ਸਕੇ । ਇਸ ਤੋਂ ਇਲਾਵਾ ਸਾਰੇ ਸਕੂਲਾਂ ਵਿੱਚ ਟਰੈਫਿਕ ਨਿਯਮਾਂ ਸਬੰਧੀ ਸਲੋਗਨ ਵੀ ਲਿਖਵਾਏ ਜਾਣ । ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚੋਂ ਲੰਘਦੀ ਜੀ.ਟੀ. ਰੋਡ ਨਾਲ ਸਬੰਧਤ ਐਕਸੀਅਨ ਨੂੰ ਹਦਾਇਤ ਕੀਤੀ ਕਿ ਸੜਕ ਤੇ ਨਿਰਧਾਰਤ ਗਤੀ ਸੀਮਾ ਸਬੰਧੀ ਬੋਰਡ ਅਤੇ ਰਿਫਲੈਕਟਰ ਲਗਾਏ ਜਾਣ ਅਤੇ ਇਸ ਤੋਂ ਇਲਾਵਾ ਤਿੱਖੇ ਅੰਨੇ ਮੋੜਾਂ ਅਤੇ ਦੁਰਘਟਨਾਵਾਂ ਤੋਂ ਬਚਾਓ ਅਤੇ ਟਰੈਫਿਕ ਚਿੰਨਾ ਸਬੰਧੀ ਲੋੜੀਂਦੇ ਬੋਰਡ ਲਗਾਏ ਜਾਣ । ਉਨ੍ਹਾਂ ਐਕਸੀਅਨ ਨੂੰ ਨਿਰਦੇਸ ਦਿੱਤੇ ਕਿ ਸੜਕਾਂ ਦੀਆਂ ਪਟੜੀਆਂ ਤੇ ਵੀ ਮਿੱਟੀ ਪਵਾਈ ਜਾਵੇ । ਇਸ ਤੋਂ ਇਲਾਵਾ ਉਨ੍ਹਾਂ ਮੰਡੀ ਗੋਬਿੰਦਗੜ੍ਹ ਦੇ ਕਾਰਜ ਸਾਧਕ ਅਫਸਰ ਨੂੰ ਟਰੈਫਿਕ ਪਾਰਕ ਦੀ ਮੁਰੰਮਤ ਕਰਵਾਉਣ ਦੀ ਹਦਾਇਤ ਦਿੱਤੀ । ਇਸ ਮੀਟਿੰਗ ਵਿੱਚ ਜ਼ਿਲ੍ਹਾ ਟਰਾਂਸਪੋਰਟ ਅਫਸਰ ਸ੍ਰੀ ਅਮਰਜੀਤ ਸਿੰਘ ਸਾਹੀ, ਸਿਵਲ ਸਰਜਨ ਡਾ ਸਤਵੰਤ ਭੱਲਾ, ਕਾਰਜਕਾਰੀ ਇੰਜੀਨੀਅਰ, ਜ਼ਿਲ੍ਹਾ ਸਿੱਖਿਆ ਅਫਸਰ, ਵੱਖ ਵੱਖ ਨਗਰ ਕੌਸਲਾਂ ਦੇ ਕਾਰਜ ਸਾਧਕ ਅਫਸਰ ਅਤੇ ਸ੍ਰ: ਗੁਰਮੁੱਖ ਸਿੰਘ ਲਾਇਨਜ਼ ਕਲੱਬ ਦੇ ਪ੍ਰਧਾਨ ਵੀ ਸ਼ਾਮਲ ਸਨ ।

ਮਹਾਂਸ਼ਿਵਰਾਤਰੀ 'ਤੇ ਵਿਸ਼ਾਲ ਸ਼ੋਭਾ ਯਾਤਰਾ

ਨੂਰਪੁਰ ਬੇਦੀ, 5 ਫਰਵਰੀ (ਪੱਤਰ ਪ੍ਰੇਰਕ)-ਭਾਰਤ ਵਰਸ਼ ਦਾ ਪਾਵਨ ਤਿਉਹਾਰ ਮਹਾਂਸ਼ਿਵਰਾਤਰੀ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਇਹ ਪਵਿੱਤਰ ਤਿਉਹਾਰ ਬਲਾਕ ਨੂਰਪੁਰ ਬੇਦੀ ਦੇ ਪਿੰਡ ਬਸਾਲੀ ਦੇ ਭਗਵਾਨ ਸ਼ਿਵ ਅਤੇ ਮਾਤਾ ਕਾਲੀ ਮੰਦਰ ਜਿਸ ਵਿੱਚ ਇੱਕ ਵਿਸ਼ਾਲ ਗਊਸ਼ਾਲਾ ਵੀ ਹੈ, ਉਥੇ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਇਸ ਬਾਰੇ ਇੱਕ ਇਕੱਠ ਅਲੱਗ-ਅਲੱਗ ਪਿੰਡਾਂ ਦੇ ਲੋਕਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ, ਜਿਸ ਦੀ ਅਗਵਾਈ ਮਹੰਤ ਬਾਬਾ ਸ੍ਰੀ ਸੁਰੇਸ਼ ਗਿਰੀ ਨੇ ਕੀਤੀ, ਜਿਸ ਵਿੱਚ ਇਹ ਤੈਅ ਹੋਇਆ ਸੀ ਕਿ ਇੱਕ ਵਿਸ਼ਾਲ ਸ਼ੋਭਾ ਯਾਤਰਾ ਅਤੇ ਲੰਗਰ ਲਾਇਆ ਜਾਵੇਗਾ। ਮਹੰਤ ਸੁਰੇਸ਼ ਗਿਰੀ ਨੇ ਕਿਹਾ ਕਿ ਸ਼ਿਵਰਾਤਰੀ ਦਾ ਤਿਉਹਾਰ 12 ਫਰਵਰੀ ਨੂੰ ਮਨਾਇਆ ਜਾਵੇਗਾ। ਪਰ 11 ਫਰਵਰੀ ਨੂੰ ਇਹ ਸ਼ੋਭਾ ਯਾਤਰਾ ਕੱਢੀ ਜਾਵੇਗੀ ਪਿੰਡ ਬਸਾਲੀ ਤੋਂ ਚੱਲ ਕੇ ਕੋਲਾਪੁਰ, ਜੱਸੋਮਜਾਰਾ, ਆਦਮਪੁਰ, ਸਟੋਏ, ਨੂਰਪੁਰ ਬੇਦੀ, ਮੁਕਾਰੀ, ਸਿੰਘਪੁਰ, ਰੂੜੇਵਾਲ, ਮਣਕੋਲੀ, ਟੇਡੇਵਾਲ ਹੁੰਦੇ ਹੋਏ ਫਿਰ ਮਦਰ ਵਿੱਚ ਆ ਕੇ ਸਮਾਪਤ ਹੋਵੇਗਾ।

ਰਾਯਸੀ-ਲਕਸਰ ਜੰ. ਰੇਲਵੇ ਸਟੇਸ਼ਨਾਂ ਦੇ ਵਿਚ ਸਮਪਾਰ ਸੰਖਿਆ 504-ਬੀ 'ਤੇ ਮਿਤੀ 05.02.2010 ਤੋਂ 10.02.2010 ਤਕ ਰੋਡ ਓਵਰ ਬ੍ਰਿਜ ਦੇ ਨਿਰਮਾਣ ਹੇਤੂ ਗਰਡਰ ਸਥਾਪਿਤ ਕਰਨ ਦੇ ਕੰਮ ਦੇ ਕਾਰਣ ਨਿਮਨਲਿਖਿਤ ਰੇਲਗੱਡੀਆਂ ਨੂੰ ਨਿਮਨਅਨੁਸਾਰ ਅਸਥਾਈ ਟਰਮਿਨਲ ਪਰਿਵਰਤਨ/ਮਾਰਗ 'ਚ ਪਰਿਵਰਤਨ ਕਰਕੇ ਚਲਾਇਆ ਜਾਏਗਾ ਅਤੇ ਮਾਰਗ ਦੇ ਸਟੇਸ਼ਨ 'ਤੇ ਕੁਝ ਸਮੇ ਦੇ ਲਈ ਰੋਕ ਕੇ ਚਲਾਇਆ ਜਾਏਗਾ।

ਰੇਲਗੱਡੀਆਂ ਦਾ ਟਰਮਿਨਲ ਪਰਿਵਰਤਨ (ਆਂਸ਼ਿਕ ਰੱਦੀਕਰਣ)

ਰੇਲਗੱਡੀ ਸੰ./ਰੇਲਗੱਡੀ ਦਾ ਨਾਮ	ਸਟੇਸ਼ਨ		ਸਟੇਸ਼ਨਾਂ ਦੇ ਵਿਚ ਨਿਰਸਤੀਕਰਣ	ਨਿਰਸਤੀਕਰਣ ਦੀ ਮਿਤੀ (ਪ੍ਰਾਰੰਭਿਕ ਸਟੇਸ਼ਨ ਤੋਂ ਚਲਣ ਦਾ ਦਿਨ)
	ਤੋਂ	ਤਕ		
351 ਲਖਨਊ-ਸਹਾਰਨਪੁਰ ਪੈਸੇਂਜਰ	ਲਖਨਊ	ਸਹਾਰਨਪੁਰ	ਮੁਰਾਦਾਬਾਦ-ਸਹਾਰਨਪੁਰ	04.02.10 ਤੋਂ 09.02.10 ਤਕ
352 ਸਹਾਰਨਪੁਰ-ਲਖਨਊ ਪੈਸੇਂਜਰ	ਸਹਾਰਨਪੁਰ	ਲਖਨਊ	ਸਹਾਰਨਪੁਰ-ਮੁਰਾਦਾਬਾਦ	05.02.10 ਤੋਂ 10.02.10 ਤਕ
355 ਚਾਂਦੌਸੀ-ਰਿਸ਼ੀਕੇਸ਼ ਪੈਸੇਂਜਰ	ਚਾਂਦੌਸੀ	ਰਿਸ਼ੀਕੇਸ਼	ਨਜੀਬਾਬਾਦ-ਰਿਸ਼ੀਕੇਸ਼	04.02.10 ਤੋਂ 09.02.10 ਤਕ
356 ਰਿਸ਼ੀਕੇਸ਼-ਚਾਂਦੌਸੀ ਪੈਸੇਂਜਰ	ਰਿਸ਼ੀਕੇਸ਼	ਚਾਂਦੌਸੀ	ਰਿਸ਼ੀਕੇਸ਼-ਨਜੀਬਾਬਾਦ	05.02.10 ਤੋਂ 10.02.10 ਤਕ

ਪਰਿਵਰਤਿਤ ਮਾਰਗ 'ਤੇ ਚਲਣ ਵਾਲੀ ਰੇਲਗੱਡੀਆਂ

ਰੇਲਗੱਡੀ ਸੰ./ਰੇਲਗੱਡੀ ਦਾ ਨਾਮ	ਸਟੇਸ਼ਨ		ਪਰਿਵਰਤਿਤ ਮਾਰਗ	ਮਾਰਗ ਪਰਿਵਰਤਨ ਦੀ ਮਿਤੀ (ਪ੍ਰਾਰੰਭਿਕ ਸਟੇਸ਼ਨ ਤੋਂ ਚਲਣ ਦਾ ਦਿਨ)
	ਤੋਂ	ਤਕ		
2318 ਅੰਮ੍ਰਿਤਸਰ-ਸਿਆਲਦਾਹ ਐਕਸਪ੍ਰੇਸ	ਅੰਮ੍ਰਿਤਸਰ	ਸਿਆਲਦਾਹ	ਸਹਾਰਨਪੁਰ-ਮੇਰਠ-ਹਾਪੁੜ	05.02.10 ਅਤੇ 09.02.10 ਨੂੰ
9020 ਦੇਹਰਾਦੂਨ-ਬਾਂਦ੍ਰਾ ਟਰਮਿ. ਐਕਸਪ੍ਰੇਸ	ਦੇਹਰਾਦੂਨ	ਬਾਂਦ੍ਰਾ ਟਰਮਿਨਸ	ਰੁੜਕੀ-(ਲਕਸਰ ਲਾਇਨ ਛੋੜਕੇ)	05.02.10 ਤੋਂ 10.02.10 ਤਕ
9019 ਬਾਂਦ੍ਰਾ ਟਰਮਿ.-ਦੇਹਰਾਦੂਨ ਐਕਸਪ੍ਰੇਸ	ਬਾਂਦ੍ਰਾ ਟਰਮਿਨਸ	ਦੇਹਰਾਦੂਨ	(ਲਕਸਰ ਲਾਇਨ ਛੋੜਕੇ)-ਰੁੜਕੀ	03.02.10 ਤੋਂ 08.02.10 ਤਕ
2ਡੀਐਸ ਸਹਾਰਨਪੁਰ-ਦੇਹਰਾਦੂਨ ਪੈਸੇਂਜਰ	ਸਹਾਰਨਪੁਰ	ਦੇਹਰਾਦੂਨ	ਏਥਲ-(ਲਕਸਰ ਲਾਇਨ ਛੋੜਕੇ)	05.02.10 ਤੋਂ 10.02.10 ਤਕ

ਰੋਕ ਕੇ ਚਲਾਈ ਜਾਣ ਵਾਲੀ ਰੇਲਗੱਡੀਆਂ

ਰੇਲਗੱਡੀ ਸੰ./ਰੇਲਗੱਡੀ ਦਾ ਨਾਮ	ਵਿਨਿਯਮਨ
4115 ਇਲਾਹਾਬਾਦ-ਹਰਿਦਵਾਰ ਐਕਸਪ੍ਰੇਸ	ਆਪਣੇ ਮਾਰਗ ਦੇ ਸਟੇਸ਼ਨ 'ਤੇ 120 ਮਿਨਟ ਦੇ ਲਈ ਵਿਨਿਯਮਿਤ ਰਹੇਗੀ।
5210 ਅੰਮ੍ਰਿਤਸਰ-ਸਹਰਸਾ ਜਨ ਸੇਵਾ ਐਕਸਪ੍ਰੇਸ	ਅੰਮ੍ਰਿਤਸਰ ਤੋਂ 60 ਮਿਨਟ ਦੇਰੀ ਤੋਂ ਚਲੇਗੀ ਅਤੇ 30 ਮਿਨਟ ਦੇ ਲਈ ਮਾਰਗ ਦੇ ਸਟੇਸ਼ਨ 'ਤੇ ਵਿਨਿਯਮਿਤ ਰਹੇਗੀ।
5011 ਲਖਨਊ-ਸਹਾਰਨਪੁਰ ਐਕਸਪ੍ਰੇਸ	ਆਪਣੇ ਮਾਰਗ ਦੇ ਸਟੇਸ਼ਨ 'ਤੇ ਉਪਯੁਕਤ ਰੂਪ ਤੋਂ ਵਿਨਿਯਮਿਤ ਰਹੇਗੀ।

ਉੱਤਰ ਰੇਲਵੇ

ਤੁਹਾਡੀ ਸੁਵਿਧਾ - ਸਾਡਾ ਫਰਜ਼

www.nr.indianrail.gov.in